# ਦਫ਼ਤਰ ਭੌਂ ਪ੍ਰਾਪਤੀ ਕੂਲੈਕਟਰ, ਸ਼ਹਿਰੀ ਵਿਕਾਸ ਵਿਭਾਗ ਪੰਜਾਬ

(ਪੁੱਡਾ ਭਵਨ, ਸੈਕਟਰ-62, ਐਸ.ਏ.ਐਸ. ਨਗਰ)

ਸੇਵਾ ਵਿਖੇ

ਡਿਪਟੀ ਕਮਿਸ਼ਨਰ,
ਐਸ.ਏ.ਐਸ. ਨਗਰ, ਮੋਹਾਲੀ।
ਨੰ. ਗਮਾਡਾ-ਐਲ.ਏ.ਸੀ.2026/
ਮਿਤੀ:

**ਵਿਸ਼ਾ- ਐਸ.ਏ.ਐਸ. ਨਗਰ ਵਿਖੇ ਇੰਡੀਸਟਰੀਅਲ ਪਾਰਕ ਸੈਕਟਰ-103 ਦੀ ਸਥਾਪਨਾ ਲਈ ਭੌਂ ਪ੍ਰਾਪਤ ਕਰਨ ਬਾਰੇ-ਧਾਰਾ 8 ਅਧੀਨ ਕਾਰਵਾਈ।**

ਕਿਉਂਜੋ ਵਿਸ਼ੇ ਸਬੰਧੀ ਸਕੀਮ ਲਈ ਪ੍ਰਾਪਤ ਕੀਤੀ ਜਾ ਰਹੀ ਭੌਂ ਦੀ ਸੋਸ਼ਲ ਇੰਪੈਕਟ ਅਸੈਸਮੈਂਟ ਰਿਪੋਰਟ ਦੇ ਮੁਲਾਂਕਣ ਬਾਬਤ ਪੰਜਾਬ ਸਰਕਾਰ ਵੱਲੋ The Right to Fair Compensation and Transparency in Land Acquisition, Rehabilitation and Resettlement Act, 2013 ਅਧੀਨ ਗਠਿਤ ਕੀਤੇ ਐਕਸਪਰਟ ਗੁਰੁੱਪ ਨੇ ਘੋਖ ਕਰਨ ਉਪਰੰਤ ਇਸ ਸਕੀਮ ਲਈ ਨਿਮਨ ਪਿੰਡ ਦੀ ਤਜਵੀਜ ਕੀਤੀ ਭੌਂ ਪ੍ਰਾਪਤ ਕਰਨ ਦੀ ਸਿਫਾਰਸ਼ ਕੀਤੀ ਹੈ:-

**ਪਿੰਡਾਂ ਦਾ ਨਾਮ : ਧੁਰਾਲੀ ਅਤੇ ਸਨੇਟਾ**

ਸਾਰਾ ਮਾਮਲਾ ਸਰਕਾਰ ਦੇ ਪੱਧਰ ਤੇ ਵਿਚਾਰ ਕਰਦੇ ਹੋਏ ਯਕੀਨ ਕਰ ਲਿਆ ਹੈ ਕਿ ਸਕੀਮ ਲਈ ਤਜਵੀਜ ਕੀਤੀ ਭੌਂ ਪ੍ਰਾਪਤ ਕਰਨ ਕਰਕੇ ਲੋਕਾਂ ਦਾਂ ਘੱਟ ਤੋਂ ਘੱਟ ਉਜਾੜਾ ਹੋਵੇਗਾ, ਬੁਨਿਆਦੀ ਢਾਂਚੇ ,ਵਾਤਾਵਰਣ ਵਿੱਚ ਘੱਟੋਂ ਘੱਟ ਗੜਬੜ ਅਤੇ ਪ੍ਰਭਾਵਿਤ ਵਿਅਕਤੀਆਂ ਵਿੱਚ ਘੱਟੋਂ ਘੱਟ ਪ੍ਰਤੀਕੂਲ ਪ੍ਰਭਾਵ ਪਵੇਗਾ। ਲਿਹਾਜਾ ਸਮਰਥ ਅਥਾਰਟੀ ਵੱਲੋਂ ਇਸ ਸਕੀਮ ਲਈ ਤਜਵੀਜ ਕੀਤੀ ਭੌਂ ਪ੍ਰਾਪਤ ਕਰਨ ਦਾ ਫੈਸਲਾਂ ਲਿਆ ਹੈ।

**ਭੌਂ ਪ੍ਰਾਪਤੀ ਕੁਲੈਕਟਰ**

**ਪਿੱਠ ਅੰਕਣ ਨੰ .ਗਮਾਡਾ-ਐਲ.ਏ.ਸੀ.2026/** 1938 **ਮਿਤੀ:** 11/02/26

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਘੱਲਿਆ ਜਾਂਦਾ ਹੈ:-

1. ਸਬ-ਡਵੀਜਨਲ ਮੈਜਿਸਟਰੇਟ, ਮੋਹਾਲੀ।
2. ਤਹੀਸੀਲਦਾਰ, ਮੋਹਾਲੀ।
3. ਸਰਪੰਚ, ਪਿੰਡ **ਧੁਰਾਲੀ ਅਤੇ ਸਨੇਟਾ** ਇਸ ਪੱਤਰ ਬਾਬੰਤ ਪਿੰਡ ਵਿੱਚ ਮੁਨਾਦੀ ਕਰਵਾਈ ਜਾਵੇ ਅਤੇ ਇਸ ਪੱਤਰ ਦੀ ਨਕਲ ਪਿੰਡ ਦੀਆਂ ਮਸਹੂਰ ਥਾਵਾਂ ਜਿਵੇਂ ਕਿ ਮੰਦਿਰ, ਗੁਰਦੁਆਰਾ ਸਾਹਿਬ, ਮਸਜਿਦ , ਜੰਜ –ਘਰ, ਕਮਿਊਨਿਟੀ ਸੈਂਟਰ ਆਦ ਦੇ ਨੋਟਿਸ ਬੋਰਡ ਤੇ ਚਸਪਾ ਕਰਵਾਈ ਜਾਵੇ।
4. ਜੀ.ਐਮ.(ਆਈ.ਟੀ), ਗਮਾਡਾ। ਇਹ ਪੱਤਰ ਗਮਾਡਾ ਦੀ ਵੈਬ-ਸਾਈਟ ਤੇ ਅਪ-ਲੋਡ ਕੀਤਾ ਜਾਵੇ।

**ਭੌਂ ਪ੍ਰਾਪਤੀ ਕੁਲੈਕਟਰ**

Dairy no. 783
Date.12.02.26

Scanned with OKEN Scanner